ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ. / ਐ.ਸਿ.) ਬਠਿੰਡਾ
E-Mail id: dpobathinda@gmail.com Tel: 0164-2217295

ਵੱਲ

ਪ੍ਰਿੰਸੀਪਲ / ਸਕੂਲ ਮੁਖੀ,
ਸਮੂਹ ਪ੍ਰਾਈਵੇਟ ਸਕੂਲਜ਼,
ਬਠਿੰਡਾ।
ਪੱਤਰ ਨੰ:-ਸਸਅ/ਆਰ.ਟੀ.ਈ./2023-24/ 2581
ਮਿਤੀ ਬਠਿੰਡਾ: 06.04.2023

ਵਿਸ਼ਾ- ਪ੍ਰਾਈਵੇਟ ਸਕੂਲਾਂ ਦੀ ਮਾਨਤਾ ਅਤੇ ਫੀਸ ਰੈਗੂਲੇਸ਼ਨ ਐਕਟ ਸਬੰਧੀ।

ਅੰਕਿਤ ਵਿਸ਼ਾ ਅਧੀਨ ਸਕੂਲਾਂ ਦੀ ਇੰਸਪੈਕਸ਼ਨ ਦੌਰਾਨ ਇਹ ਦੇਖਿਆ ਗਿਆ ਹੈ ਕਿ ਕਈ ਸਕੂਲਾਂ ਵੱਲੋਂ ਮਾਨਤਾ ਤੋਂ ਉਪਰ ਦੀਆਂ ਕਲਾਸਾਂ ਨੂੰ ਲਗਾਇਆ ਜਾਂਦਾ ਹੈ ਜਿਵੇ ਕਿਸੇ ਸਕੂਲ ਵੱਲੋਂ ਅੱਠਵੀਂ ਕਲਾਸ ਤੱਕ ਦੀ ਮਾਨਤਾ ਲਈ ਹੈ ਪ੍ਰੰਤੂ ਉਸ ਸਕੂਲ ਵੱਲੋਂ ਨੌਵੀਂ ਅਤੇ ਦੱਸਵੀਂ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ ਜੋ ਕਿ ਸਿੱਖਿਆ ਵਿਭਾਗ ਦੇ ਨਿਯਮਾਂ ਦੇ ਵਿਰੁੱਧ ਹੈ ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਕੋਲ ਜਿਸ ਕਲਾਸ ਤੱਕ ਦੀ ਮਾਨਤਾ / ਐਫੀਲਿਏਸ਼ਨ ਹੈ, ਸਕੂਲ ਵੱਲੋਂ ਉਸ ਕਲਾਸ ਤੱਕ ਹੀ ਕਲਾਸਾਂ ਲਗਾਈਆਂ ਜਾਣ। ਜੇਕਰ ਕਿਸੇ ਸਕੂਲ ਵਿਰੁੱਧ ਅਜਿਹੀ ਸ਼ਿਕਾਇਤ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

ਉਕਤ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਜਾਰੀ The Punjab Regulation Of Fee Of Unaided Educational Institutions bill, 2016 ਅਧੀਨ ਫੀਸਾਂ ਸਬੰਧੀ ਜੋ ਹਦਾਇਤਾ ਦਿੱਤੀਆਂ ਗਈਆਂ ਹਨ, ਉਹਨਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

06/04/2023
ਜਿਲ੍ਹਾ ਸਿੱਖਿਆ ਅਫਸਰ(ਐ.ਸਿ.),
ਬਠਿੰਡਾ